**ਦਫਤਰ ਚੋਣਕਾਰ ਰਜਿਸਟਰੇਸ਼ਨ ਅਫ਼ਸਰ**
**091 ਭੁੱਚੋ ਮੰਡੀ ਵਿਧਾਨ ਸਭਾ ਹਲਕਾ (ਅ.ਜ.)-ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ, ਬਠਿੰਡਾ**
**ਕਮਰਾ ਨੰ:242-ਈ, ਪਹਿਲੀ ਮੰਜਲ, ਮਿਨੀ ਸਕੱਤਰੇਤ, ਬਠਿੰਡਾ।**
email:-ero-91@punjab.gov.in

ਜਿੰਮੇਵਾਰ ਬਣੋ, ਵੋਟਰ ਬਣੋ ਜਿੰਮੇਵਾਰ ਬਣੋ, ਵੋਟਰ ਬਣੋ

ਪੱਤਰ ਨੰ:ਚੋਣਾਂ-2025/ 309-12 ਮਿਤੀ: 03-10-25

ਸੇਵਾ ਵਿਖੇ,

1. ਜਿਲ੍ਹਾ ਸਿੱਖਿਆ ਅਫਸਰ (ਸਕੈਂ.), ਬਠਿੰਡਾ,
2. ਜਿਲ੍ਹਾ ਸਿੱਖਿਆ ਅਫਸਰ (ਐਲੀ.), ਬਠਿੰਡਾ
3. ਕਾਰਜ ਸਾਧਕ ਅਫਸਰ, ਨਗਰ ਕੌਂਸਲ, ਭੁੱਚੋ ਮੰਡੀ/ ਗੋਨਿਆਣਾ/
4. ਸੀਨੀਅਰ ਮੈਡੀਕਲ ਅਫਸਰ, ਨਥਾਣਾ

ਵਿਸ਼ਾ:- **Special Intensive Revision (S.I.R) w.r.t 01.01.2026-regarding**

ਹਵਾਲਾ:- ਇਸ ਦਫ਼ਤਰ ਦੇ ਪੱਤਰ ਨੰ:ਚੋਣਾਂ-2025/285 ਮਿਤੀ: 25-09-2025, ਨੰ:ਚੋਣਾਂ-2025/296 ਮਿਤੀ: 26-09-2025, ਨੰ:ਚੋਣਾਂ-2025/303 ਮਿਤੀ: 01-10-2025.

ਉਪਰੋਕਤ ਵਿਸ਼ੇ ਸਬੰਧੀ ਹਵਾਲਾ ਅਧੀਨ ਪੱਤਰਾਂ ਰਾਂਹੀ ਮਾਨਯੋਗ ਮੁੱਖ ਚੋਣ ਅਫ਼ਸਰ, ਪੰਜਾਬ ਜੀ ਵੱਲੋ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਸਾਲ 2025 ਦੀ ਵੋਟਰ ਸੂਚੀਆਂ ਵਿੱਚ ਪਾਏ ਗਏ ਵੋਟਰਾਂ ਦਾ ਮਿਲਾਨ ਸਾਲ 2003 ਦੀਆਂ ਵੋਟਰ ਸੂਚੀਆਂ ਵਿੱਚ ਪਾਏ ਗਏ ਵੋਟਰਾ ਨਾਲ ਮਿਲਾਣ ਕੀਤਾ ਜਾਣਾ ਸੀ।ਜਿਸ ਸਬੰਧੀ ਹਵਾਲਾ ਅਧੀਨ ਪੱਤਰ ਰਾਂਹੀ ਆਪ ਦੇ ਦਫਤਰ ਅਧੀਨ ਕੰਮ ਕਰਦੇ ਕਰਮਚਾਰੀ ਜਿਨ੍ਹਾਂ ਦੀ ਡਿਊਟੀ ਨਿਮਨਹਸਤਾਖਰ ਦੇ ਹਲਕੇ ਅਧੀਨ ਬਤੌਰ ਬੀ.ਐਲ.ਓ ਲੱਗੀ ਹੋਈ ਹੈ ਨੂੰ ਮਿਤੀ: 26-09-2025 ਤੋਂ 05-10-2025 ਤੱਕ ਦਫਤਰੀ ਕੰਮ ਤੋਂ ਰਲੀਵ ਕਰਵਾਉਂਦੇ ਹੋਏ ਉਕਤ ਕੰਮ ਮਿਤੀ: 05-10-2025 ਤੱਕ ਮੁਕੰਮਲ ਕਰਨ ਲਈ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ।ਪ੍ਰੰਤੂ ਅੱਜ ਮਿਤੀ: 02-10-2025 ਤੱਕ ਇਨ੍ਹਾਂ ਕਰਮਚਾਰੀਆਂ ਦੀ ਪ੍ਰਗਤੀ ਬਹੁਤ ਘੱਟ ਹੈ।ਜਿਸਤੋਂ ਸਾਫ ਜਾਹਿਰ ਹੁੰਦਾ ਹੈ ਕਿ ਕਰਮਚਾਰੀਆਂ (ਨੱਥੀ ਲਿਸਟ) ਵੱਲੋ ਚੋਣਾਂ ਸਬੰਧੀ ਕੰਮ ਨੂੰ ਮਹੱਤਤਾ ਨਹੀਂ ਦਿੱਤੀ ਜਾਂਦੀ। ਇਸ ਲਈ ਆਪ ਨੂੰ ਕਰਮਚਾਰੀ ਜਿਨ੍ਹਾਂ ਦੀ ਡਿਊਟੀ ਨਿਮਨਹਸਤਾਖਰ ਦੇ ਹਲਕੇ ਅਧੀਨ ਬਤੌਰ ਬੀ.ਐਲ.ਓ ਲੱਗੀ ਹੋਈ ਹੈ ਦੀ ਡਿਟੇਲ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਇਨ੍ਹਾਂ ਵਿਰੁੱਧ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਤਹਿਤ ਅਨੁਸਾਸ਼ਨੀ ਕਾਰਵਾਈ ਤੁਰੰਤ ਅਮਲ ਵਿੱਚ ਲਿਆਉਂਦੇ ਹੋਏ ਅਗਲੇ ਹੁਕਮਾਂ ਤੱਕ ਕਰਮਚਾਰੀ ਦੀ ਤਨਖਾਹ ਤੁਰੰਤ ਪ੍ਰਭਾਅ ਤੋਂ ਬੰਦ ਕੀਤੀ ਜਾਵੇ।

ਨੱਥੀ/ਲਿਸਟ

ਚੋਣਕਾਰ ਰਜਿਸਟਰੇਸ਼ਨ ਅਫਸਰ,
091-ਭੁੱਚੋ ਮੰਡੀ (ਅ.ਜ) ਵਿਧਾਨ ਸਭਾ ਹਲਕਾ
ਕਮ-ਸਕੱਤਰ ਰਿਜਨਲ ਟਰਾਂਸਪੋਰਟ ਅਥਾਰਟੀ,
ਬਠਿੰਡਾ।

ਪਿੱਠ ਅੰਕਣ ਨੰ: ਮਿਤੀ:

ਉਪਰੋਕਤ ਦਾ ਉਤਾਰਾ ਬੀ.ਐਲ.ਓਜ਼ ਭਾਗ ਨੰ: 37,38,59,140,143,175,179,184 ਅਤੇ 189,ਵਿਧਾਨ ਸਭਾ ਹਲਕਾ 091-ਭੁੱਚੋ ਮੰਡੀ (ਅ.ਜ) ਨੂੰ ਸੂਚਨਾਂ ਹਿੱਤ ਅਤੇ ਉਕਤ ਕੰਮ ਤੁਰੰਤ ਮੁਕੰਮਲ ਕਰਨ ਸਬੰਧੀ ਹਦਾਇਤ ਕੀਤੀ ਜਾਂਦੀ ਹੈ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2025/ 6543 ਮਿਤੀ 03-10-2025

ਉਪਰੋਕਤ ਦਾ ਉਤਾਰਾ ਸਬੰਧਤ ਸਕੂਲ ਮੁੱਖੀਆਂ ਨੂੰ ,ਲਿਖਕੇ ਭੇਜਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਨੂੰ ਉਕਤ ਪੱਤਰ ਅਨੁਸਾਰ ਲਗਾਈ ਗਈ ਡਿਊਟੀ ਲਈ ਪਾਬੰਦ ਕਰਨਾ ਯਕੀਨੀ ਬਣਾਇਆ ਜਾਵੇ ।

3/10/25

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।

03/10/25